**ਮਾੱਡਲ ਟੈਸਟ ਪੇਪਰ**

**ਵਿਸ਼ਾ -ਸੰਗੀਤ ( ਵਾਦਨ )**

**ਸ਼੍ਰੇਈ - ਅੱਠਵੀਂ**

**ਸੈਸ਼ਨ - 2022-2023**

**ਸਮਾਂ - 3 ਘੰਟੇ** **ਕੁਲ ਅੰਕ-40**

**ਭਾਗ – ੳ**

1 ਤੋਂ 10 ਤੱਕ ਵਸਤੂਨਿਸ਼ਠ ਪ੍ਰਸ਼ਨ,11 ਤੋਂ 15 ਖਾਲੀ ਥਾਵਾਂ,16 ਤੋਂ 20 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਜਿਸ ਰਾਗ ਦੇ ਆਰੋਹ ਅਤੇ ਅਵਰੋਹ ਵਿੱਚ ਛੇ ਸਵਰਾਂ ਦਾ ਪ੍ਰਯੋਗ ਹੋਵੇ, ਉਸਨੂੰ ਕਿਹੜੀ ਜਾਤੀ ਦਾ ਰਾਗ ਕਹਿੰਦੇ ਹਨ?
2. ਪੰਡਿਤ ਰਵੀ ਸ਼ੰਕਰ ਜੀ ਦੇ ਪਿਤਾ ਦਾ ਨਾਮ ਸਨ?
3. ਦੱਖਣੀ ਭਾਰਤੀ ਸੰਗੀਤ ਪੱਧਤੀ ਕਿਸ ਨਾਮ ਤੋਂ ਜਾਣੀ ਜਾਂਦੀ ਹੈ?
4. ਸਿਤਾਰ ਵਾਦਨ ਵਿੱਚ ਕਿੰਨੀਆਂ ਤਰ੍ਹਾਂ ਦੀ ਸ਼ੈਲੀਆਂ ਪ੍ਰਚਲਿਤ ਹਨ?
5. ਪੰਡਿਤ ਰਵੀ ਸ਼ੰਕਰ ਜੀ ਕਿਸ ਸਾਜ਼ ਨੂੰ ਵਜਾਉਂਦੇ ਸਨ?
6. ਰਾਗ ਦੀ ਪਰਿਭਾਸ਼ਾ ਦਿਓ।
7. ਰਾਗ ਭੈਰਵੀ ਕਿਸ ਥਾਟ ਦਾ ਰਾਗ ਹੈ?
8. 'ਧਾਗੇ ਤਿਰਕਿਟ ਤੂੰ ਨਾ' ਕਿਹੜੀ ਤਾਲ ਦੇ ਬੋਲ ਹਨ?
9. ਝੱਪਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?
10. ਰਾਗ ਖਮਾਜ ਕਿਸ ਜਾਤੀ ਦਾ ਰਾਗ ਹੈ? (10x1=10)

(ਖ) ਖਾਲੀ ਥਾਵਾਂ

11. ਸਿਤਾਰ ਵਿੱਚ ________ ਮੁੱਖ ਖੂੰਟਿਆਂ ਹੁੰਦੀਆਂ ਹਨ।
12. ਪੰਡਿਤ ਰਵੀ ਸ਼ੰਕਰ ਜੀ ਦਾ ਜਨਮ____________ਵਿੱਖੇ ਹੋਇਆ।
13. ਸੱਤ ਸੁਰਾਂ ਦੇ ਸਮੂੰਹ ਨੂੰ _______ ਕਹਿੰਦੇ ਹਨ।
14. ਮਾਤਰਾ ਲਈ _________ਦਾ ਚਿੰਨ੍ਹ ਵਰਤਿਆ ਜਾਂਦਾ ਹੈ।
15. ਰਾਗ ਖ਼ਾਮਾਜ____________ਜਾਤੀ ਦਾ ਰਾਗ ਹੈ। (5X1=5)

(ਗ) ਸਹੀ/ਗ਼ਲਤ

16. ਥਾਟਾਂ ਵਿੱਚ ਰਾਗ ਉਤਪੰਨ ਕਰਨ ਦੀ ਸ਼ਕਤੀ ਨਹੀਂ ਹੁੰਦੀ। ☐
17. ਥਾਂਟਾਂ ਦਾ ਸਿੱਧਾਂਤ ਪੰਡਿਤ ਵਿਸ਼ਨੂੰ ਦਿਗੰਬਰ ਪੁਲਸਕਰ ਨੇ ਨਹੀਂ ਦਿੱਤਾ। ☐
18. ਸੰਗੀਤ ਵਿੱਚ ਕੇਵਲ 1 ਸਪਤਕ ਹੁੰਦਾ ਹਨ। ☐
19. ਝੱਪਤਾਲ ਨੂੰ ਭਜਨ ਨਾਲ ਵਜਾਇਆ ਜਾਂਦਾ। ☐
20. ਰਾਗ ਖ਼ਾਮਾਜ ਵਿੱਚ ਰੇ, ਅਤੇ ਨੀ ਸਵਰ ਨਹੀਂ ਲੱਗਦੇ ਹਨ। ☐ (5X1=5)

**ਭਾਗ - ਅ**

21 ਤੋਂ 27 ਤੱਕ 7 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿੱਚੋਂ ਕੋਈ 5 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ।

21. ਤਾਲ ਵਿੱਚ ਸਮ ਦੀ ਮਹੱਤਤਾ ਬਾਰੇ ਦੱਸੋ?
22. ਵਾਦਕ ਦੇ ਕੋਈ ਚਾਰ ਗੁਣ ਲਿਖੋ।
23. ਸੰਪੂਰਣ ਜਾਤੀ ਦੇ ਬਾਰੇ ਦੱਸਦੇ ਹੋਏ, ਇਸਦੀ ਉਪਜਾਤੀਆਂ ਬਾਰੇ ਵਿਸਥਾਰ ਨਾਲ ਸਮਝਾਓ।
24. ਸਿਤਾਰ ਦੇ ਕੋਈ ਚਾਰ ਅੰਗਾਂ ਬਾਰੇ ਲਿਖੋ।
25. ਝੱਪਤਾਲ ਦਾ ਪਰਿਚੈ ਲਿਖੋ।
26. ਇੱਕਤਾਲ ਨੂੰ ਦੁਗੁਣ ਦੀ ਲੈਅਕਾਰੀ ਵਿੱਚ ਲਿਖੋ।
27. ਰਾਗ ਭੈਰਵੀ ਦਾ ਪਰਿਚੈ ਲਿਖੋ। (5X2=10)

**ਭਾਗ – ੲ**

28-31 ਤੱਕ 4 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ 2 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ

28. ਜਾਤੀ ਬਾਰੇ ਦੱਸਦੇ ਹੋਏ, ਇਸਦੀਆਂ ਉਪਜਾਤੀਆਂ ਨੂੰ ਵਿਸਥਾਰ ਨਾਲ ਸਮਝਾਓ।
29. ਸਿਤਾਰ ਦੀਆਂ ਮੁੱਖ ਤਾਰਾਂ ਬਾਰੇ ਵਿਸਥਾਰ ਨਾਲ ਦੱਸੋ।
30. ਰਾਗ ਭੈਰਵੀ ਜਾਂ ਖਮਾਜ ਵਿੱਚ ਦਰੁੱਤ/ਰਜ਼ਾਖਾਂਨੀ ਗਤ ਲਿਖੋ।
31. ਇੱਕਤਾਲ ਨੂੰ ਇੱਕਗੁਣ ਅਤੇ ਦੁਗੁਣ ਦੀ ਲੈਅਕਾਰੀ ਵਿੱਚ ਲਿਖੋ। (2X5=10)